ਵੱਲੋਂ

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ)
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ,

ਸਮੂਹ ਸੈਕਸ਼ਨਿੰਗ ਅਥਾਰਟੀਜ
ਪ੍ਰਿੰਸੀਪਲ ਸਰਕਾਰੀ ਬਹੁਤਕਨੀਕੀ /ਇੰਜਨੀਅਰਿੰਗ ਕਾਲਜ

ਮੀਮੋ ਨੰ : ਟੀ ਈ /ਸਕਾਲਰਸ਼ਿਪ ਮਿਤੀ :

ਵਿਸ਼ਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਲਾਭ ਦੇਣ ਸਬੰਧੀ।

ਆਪ ਜੀ ਨੂੰ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਪੰਜਾਬ ਚੰਡੀਗੜ੍ਹ ਦਾ ਅੱ : ਸ : ਪੱ : ਨੰ: ਸ-17-577 ਮਿਤੀ 28-04-2015 ਜੋ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਜੀ ਨੂੰ ਸੰਬੋਧਤ ਹੈ , ਦੀ ਕਾਪੀ ਭੇਜਦਿਆਂ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਰਾਹੀਂ ਮੰਗੀ ਗਈ ਰਿਪੋਰਟ '7' ਦਿਨਾਂ ਦੇ ਵਿੱਚ -2 ਨੋਟਿਸ ਬੋਰਡ /ਈ ਮੇਲ ਆਈ ਡੀ dtescholarship@yahoo.com ਰਾਹੀਂ ਭੇਜੀ ਜਾਵੇ ਤਾਂ ਜੋ ਭਲਾਈ ਵਿਭਾਗ ਨੂੰ ਸੰਕਲਤ ਰੂਪ ਵਿੱਚ ਭੇਜੀ ਜਾ ਸਕੇ।

ਸਹੀ
ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ ਉਪਰੋਕਤ ਅਨੁਸਾਰ ।

ਪਿੱਠ ਅੰਕਣ ਨੰ: /ਸਕਾਲਰਸ਼ਿਪ ਮਿਤੀ

ਉਪਰੋਕਤ ਦਾ ਇਕ ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ,ਭਲਾਈ ਵਿਭਾਗ ਪੰਜਾਬ, ਐਸ .ਸੀ.ਓ ਨੰ: 128-129, ਸੈਕਟਰ 34-ਏ, ਚੰਡੀਗੜ੍ਹ ਨੂੰ ਉਹਨਾਂ ਦੇ ਅੱ. ਸ: ਪੱ : ਨੰ. ਸ-17-577 ਮਿਤੀ 28-04-15 ਦੇ ਹਵਾਲੇ ਵਿੱਚ ਅੰਤਰਿਮ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਸਹੀ
ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: /ਸਕਾਲਰਸ਼ਿਪ 277 ਮਿਤੀ 13-4-15

ਉਪਰੋਕਤ ਦਾ ਇਕ ਉਤਾਰਾ ਪ੍ਰੋਗਰਾਮਰ ਕੰਪਿਊਟਰ ਸੈਕਸ਼ਨ (ਮੁੱਖ ਦਫਤਰ) ਨੂੰ ਸਾਰੇ ਪੱਤਰਾਂ ਸਮੇਤ ਵਿਭਾਗ ਦੀ ਵੈਬ ਸਾਇਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਨੱਥੀ ਉਪਰੋਕਤ ਅਨੁਸਾਰ ।

ਅਲਕਨੰਦਾ ਦਯਾਲ,
ਆਈ.ਏ.ਐਸ.

ਅ: ਸ: ਪ: ਨੰ: ਓ-17/577

ਡਾਇਰੈਕਟਰ,
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ,
ਭਲਾਈ ਵਿਭਾਗ, ਪੰਜਾਬ
ਐਸ.ਸੀ.ਓ. ਨੰ. 128-129, ਸੈਕਟਰ 34-ਏ ਚੰਡੀਗੜ੍ਹ
ਫੋਨ : 0172-2600588
ਫੈਕਸ : 0172-2602912

ਸ੍ਰੀ ਬੀ.ਪੁਰੁਸ਼ਾਰਥਾ,

ਮਿਤੀ, ਚੰਡੀਗੜ੍ਹ 28/4/2015

ਭਲਾਈ ਵਿਭਾਗ ਵੱਲੋਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਲਾਗੂ ਕੀਤੀ ਜਾ ਰਹੀ ਹੈ, ਜਿਸ ਵਿੱਚ ਯੋਗ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀਆਂ ਜ਼ਰੂਰੀ ਨਾਂ-ਮੋੜਨਯੋਗ ਫੀਸਾਂ ਅਤੇ ਮੈਂਟੀਨੈਂਸ ਅਲਾਊਂਸ ਦੀ ਅਦਾਇਗੀ ਕੀਤੀ ਜਾਂਦੀ ਹੈ। ਟੈਕਨੀਕਲ ਵਿਭਾਗ ਵਿੱਚ ਨਾਮਜਦ ਨੋਡਲ ਅਫਸਰਾਂ ਦੀ ਪ੍ਰਵਾਨਗੀ ਦੇ ਅਧਾਰ ਤੇ ਹੀ ਫੀਸ ਅਤੇ ਮੈਂਟੀਨੈਂਸ ਅਲਾਉਂਸ ਦੀ ਪੇਮੈਂਟ ਸੰਸਥਾਵਾਂ ਅਤੇ ਵਿਦਿਆਰਥੀਆਂ ਦੇ ਖਾਤੇ ਵਿੱਚ ਆਨ-ਲਾਈਨ ਟਰਾਂਸਫਰ ਕੀਤੀ ਜਾਂਦੀ ਹੈ। ਸਾਲ 2014-15 ਦੌਰਾਨ 179.21 ਕਰੋੜ ਰੁਪਏ 456 ਸੰਸਥਾਵਾਂ ਨੂੰ (ਤਕਨੀਕੀ ਵਿੰਗ) ਅਤੇ 10.64 ਕਰੋੜ ਰੁਪਏ 316 ਸੰਸਥਾਵਾਂ ਨੂੰ (ਆਈ.ਟੀ.ਆਈ. ਵਿੰਗ) ਅਦਾਇਗੀ ਕੀਤੀ ਗਈ ਹੈ, ਜੋ ਕਿ ਆਪ ਦੇ ਵਿਭਾਗ ਨਾਲ ਸਬੰਧਤ ਹੈ।

ਇਸ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੀਮ ਨੂੰ ਲਾਗੂ ਕਰਨ ਦੀ ਵਿਧੀ ਅਨੁਸਾਰ ਵਿਦਿਆਰਥੀਆਂ ਦੇ ਕਲੇਮਾਂ ਦੀ ਸਕਰੂਟਨੀ ਆਪ ਦੇ ਵਿਭਾਗ ਨਾਲ ਸਬੰਧਤ ਸੈਂਕਸ਼ਨਿੰਗ ਅਥਾਰਟੀਆਂ ਵੱਲੋਂ ਕੀਤੀ ਜਾਂਦੀ ਹੈ। ਇਸ ਲਈ ਇਹ ਸਪਸ਼ਟ ਕਰਨ ਦੀ ਲੋੜ ਹੈ ਕਿ ਉਪਰੋਕਤ ਯੋਗ ਵਿਦਿਆਰਥੀਆਂ ਦੀਆਂ ਪ੍ਰਵਾਨਗੀਆਂ ਸਕੀਮ ਦੇ ਨਿਯਮਾਂ ਅਨੁਸਾਰ ਹਨ ਅਤੇ ਨਿਯਮਾਂ ਅਨੁਸਾਰ ਸਕਰੂਟਨੀ ਕਰਨ ਤੋਂ ਬਾਅਦ ਹੀ ਅਦਾਇਗੀ ਹਿੱਤ ਸਿਫਾਰਸ਼ ਕੀਤੀ ਗਈ ਹੈ।

ਇਹ ਸੁਨਿਸ਼ਚਿਤ ਕਰਨ ਲਈ ਕਿ ਜਿਨ੍ਹਾਂ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਫੀਸਾਂ ਦੀ ਅਦਾਇਗੀ ਸਬੰਧਤ ਸੰਸਥਾਵਾਂ ਨੂੰ ਕੀਤੀ ਗਈ ਹੈ, ਉਹ ਨਿਯਮਾਂ ਅਨੁਸਾਰ ਯੋਗ ਹਨ, ਉਨ੍ਹਾਂ ਦੀ ਰੀ-ਵੈਰੀਫਿਕੇਸ਼ਨ ਕੀਤੀ ਜਾਵੇ ਅਤੇ ਰਿਪੋਰਟ 15 ਦਿਨਾਂ ਦੇ ਅੰਦਰ-ਅੰਦਰ ਨਿਮਨ-ਹਸਤਾਖਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਸ਼ੁਭ ਇਛਾਵਾਂ ਸਹਿਤ।

ਹਿਤੂ

ਅਲਕਨੰਦਾ ਦਯਾਲ
(ਅਲਕਨੰਦਾ ਦਯਾਲ),

ਸ੍ਰੀ ਬੀ.ਪੁਰੁਸ਼ਾਰਥਾ, ਆਈ.ਏ.ਐਸ.
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।